# 2010/2011 ਆਰੰਭਿਕ ਆਪਰੇਟਿੰਗ ਬੱਜਟ ਪ੍ਰਸਤਾਵ

ਸਕੂਲ ਜ਼ਿਲ੍ਹਾ ਨੰ. 39 (ਵੈਨਕੂਵਰ) ਕੈਨੇਡਾ ਦੇ ਸਭ ਤੋਂ ਵੱਧ ਵਿਭਿੰਨਤਾ ਵਾਲੇ ਅਤੇ ਜਟਿਲ ਪਬਲਿਕ ਸਕੂਲ ਸਿਸਟਮਾਂ ‘ਚੋਂ ਇਕ ਹੈ ਜਿਸ ‘ਚ ਕਿੰਡਰਗਾਰਟਨ ਤੋਂ ਲੈ ਕੇ ਗਰੇਡ 12 ਤੱਕ ਸਲਾਨਾਂ ਐਨਰੋਲਮੈਂਟ ਤਕਰੀਬਨ 55 ਹਜ਼ਾਰ ਵਿਦਿਆਰਥੀਆਂ ਤੱਕ ਹੈ। ਸਾਡੇ ਪ੍ਰੋਗਰਾਮ ਅਤੇ ਸੇਵਾਵਾਂ ਚਣੌਤੀਆਂ, ਲੋੜਾਂ, ਮੌਕਿਆਂ ਅਤੇ ਸੰਭਾਵਨਾਵਾਂ ਜੋ ਹਰੇਕ ਵਿਦਿਆਰਥੀ ‘ਚ ਮੌਜੂਦ ਹੁੰਦੀਆਂ ਹਨ, ਦੇ ਆਸਧਾਰਣ ਸੁਮੇਲ ਨਾਲ ਨਿਪਟਦੇ ਹਨ।

ਸਕੂਲ ਜ਼ਿਲ੍ਹੇ ਦੀ 93 ਪ੍ਰਤਿਸ਼ਤ ਤੋਂ ਵੱਧ ਫੰਡਿੰਗ ਸੂਬਾਈ ਗਰਾਂਟਾਂ ਤੋਂ ਆਉਂਦੀ ਹੈ, ਅਤੇ ਭਾਵੇਂ ਵਿਦਿਆ ਮੰਤਰਾਲੇ ਨੇ 2010/2011 ਲਈ ਪ੍ਰਤੀ ਵਿਦਿਆਰਥੀ ਮੁੱਢਲੀ ਫੰਡਿੰਗ ਵਧਾ ਦਿੱਤੀ ਹੈ ਪਰ ਇਹ ਵਾਧਾ ਮੌਜੂਦਾ ਸੇਵਾਵਾਂ ਦੇ ਪੱਧਰ ਨੂੰ ਬਣਾਈ ਰੱਖਣ ਲਈ ਕਾਫੀ ਨਹੀਂ ਹੈ। ਵੈਨਕੂਵਰ ਸਕੂਲ ਬੋਰਡ ਨੂੰ ਜ਼ਰੂਰੀ ਤੌਰ ‘ਤੇ 8.12 ਮਿਲੀਅਨ ਡਾਲਰ ਦੇ ਆਪਰੇਟਿੰਗ ਬੱਜਟ ਘਾਟੇ ਨਾਲ ਨਿਪਟਣਾ ਪਵੇਗਾ।

ਬੀਤੇ ਦਹਾਕੇ ‘ਚ ਇਹ ਪਹਿਲਾ ਸਮਾਂ ਨਹੀਂ ਜਦੋਂ ਸਕੂਲ ਜ਼ਿਲ੍ਹੇ ਨੂੰ ਕੱਟ ਲਗਾਉਂਣੇ ਪਏ ਹੋਣ। 2002/2003 ਤੋਂ ਲੈ ਕੇ ਇਕ ਸਾਲ ਨੂੰ ਛੱਡ ਕੇ ਬਾਕੀ ਹਰ ਸਾਲ ਵੈਨਕੂਵਰ ਸਕੂਲ ਬੋਰਡ ਨੂੰ ਵੱਡੀਆਂ ਬੱਜਟ ਕਟੌਤੀਆਂ ਕਰਨ ਲਈ ਮਜਬੂਰ ਹੋਣਾ ਪਿਆ। 2010/2011 ‘ਚ ਮੁੱਕਣ ਵਾਲੇ ਅੱਠ ਸਾਲਾਂ ਦੇ ਸਮੇਂ ਦੌਰਾਨ ਜ਼ਿਲ੍ਹੇ ਨੇ ਆਪਣੇ ਆਪਰੇਟਿੰਗ ਬੱਜਟ ਨੂੰ ਕੁੱਲ 51 ਮਿਲੀਅਨ ਡਾਲਰ ਘੱਟ ਕੀਤਾ।

ਇਸ ਦੇ ਬਾਵਜੂਦ ਸਟਾਫ ਅਤੇ ਵਿਦਿਆਰਥੀਆਂ ਨੇ ਪੜ੍ਹਾਉਂਣ ਅਤੇ ਸਿੱਖਣ ਦੀ ਸਹਾਇਤਾ ਹਿੱਤ ਜੋ ਵੱਧ ਤੋਂ ਵੱਧ ਕੀਤਾ ਜਾ ਸਕਦਾ ਸੀ ਉਹ ਕਰਨ ‘ਚ ਲਚਕਤਾ ਅਤੇ ਮਜ਼ਬੂਤੀ ਵਿਖਾਈ। ਐਪਰ, 2010/2011 ਲਈ ਪ੍ਰਸਤਾਵਿਤ ਕਮਤੀਆਂ ਦਾ ਅਸਰ ਸਿਸਟਮ ਦੇ ਧੁਰ ਅੰਦਰ ਨੂੰ ਹਿਲਾ ਦੇਵੇਗਾ।

ਅਜਿਹੇ ਮੁਸ਼ਕਿਲ ਸੰਕਟ ਸਮੇਂ ਦੇ ਦਰਪੇਸ਼ ਸਾਡੇ ਬੋਰਡ ਅਤੇ ਸਾਡੀ ਕਮਿਊਨਿਟੀ ਲਈ ਸਕੂਲਾਂ ਨੂੰ ਬੰਦ ਕਰਨ ਦੀ ਲੋੜ ਬਰੂਹਾਂ ‘ਤੇ ਖੜ੍ਹੀ ਹੋ ਸਕਦੀ ਹੈ। ਨਾਨ-ਐਨਰੋਲਿੰਗ ਅਧਿਆਪਕਾਂ, ਸਪੈਸ਼ਲ ਐਜੂਕੇਸ਼ਨ ਪ੍ਰੋਗਰਾਮਾਂ, ਸਕੂਲਾਂ ਲਈ ਸਹਾਇਤਾ, ਸਟਾਫ ਡਿਵੈਲਪਮੈਂਟ, ਸਕੂਲ ਅਤੇ ਜ਼ਿਲ੍ਹਾ ਪ੍ਰਸਾਸ਼ਨ, ਸਪੈਸ਼ਲ ਪ੍ਰੋਗਰਾਮ ਅਤੇ ਫੈਸਲਿਟੀ ਆਪਰੇਸ਼ਨ ਖੇਤਰਾਂ ‘ਚ ਕੱਟ ਅਤੇ ਤਬਦੀਲੀਆਂ ਵੱਧ ਜਾਣਗੀਆਂ ਅਤੇ ਵੈਨਕੂਵਰ ਸਕੂਲ ਬੋਰਡ ਨੂੰ ਬੀਤੇ ਸਮੇਂ ਦੌਰਾਨ ਮੁਹੱਈਆ ਕੀਤੇ ਸੇਵਾਵਾਂ ਦੇ ਪੱਧਰ ਨੂੰ ਜਾਰੀ ਰੱਖਣ ਦੀ ਯੋਗਤਾ ਨਾਲ ਸਮਝੌਤਾ ਕਰਨਾ ਪਵੇਗਾ।

ਆਰੰਭਿਕ ਬੱਜਟ ਪ੍ਰਸਤਾਵ ਜ਼ਿਲ੍ਹੇ ਦੇ, ਸਾਰੇ ਵਿਦਿਆਰਥੀਆਂ ਲਈ ਸਫਲਤਾ ਵਾਸਤੇ ਵਾਹ ਲਾਉਂਣ ਦੇ ਨਿਸ਼ਾਨੇ ਦੀ ਹਿਮਾਇਤ ਕਰਨ ਵੱਲ ਸੇਧਿਤ ਹਨ ਅਤੇ ਕਲਾਸ ਰੂਮ ‘ਤੇ ਪੈਣ ਵਾਲੇ ਉਲਟੇ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਰੱਖਣ ਦੁਆਰਾ ਕਿੰਡਰਗਾਰਟਨ ਤੋਂ ਲੈ ਕੇ ਗਰੇਡ 12 ਤੱਕ ਲਈ ਫਤਵੇ ਦੇ ਮੂਲ ਰੂਪ ਨੂੰ ਪਹਿਲ ਦਿੰਦੇ ਹਨ।

ਪਹਿਲੀ ਵਾਰੀ ਵੈਨਕੂਵਰ ਸਕੂਲ ਬੋਰਡ ਕੈਲੰਡਰ ‘ਚ ਤਬਦੀਲੀਆਂ ‘ਤੇ ਵਿਚਾਰ ਕਰੇਗਾ ਤਾਂ ਕਿ ਨੌਕਰੀਆਂ ‘ਚ ਕੱਟ ਨੂੰ ਘੱਟ ਤੋਂ ਘੱਟ ਰੱਖਿਆ ਜਾ ਸਕੇ। ਇਹ ਅਨੁਮਾਨ ਲਗਾਇਆ ਗਿਆ ਹੈ ਕਿ ਜ਼ਿਲ੍ਹਾ ਟੀਚਰ-ਆਨ-ਕਾਲ ਖਰਚਿਆਂ ਅਤੇ ਇਕ ਲੋਕਲ ਸਕੂਲ ਕੈਲੰਡਰ ਜਿਹੜਾ ਪੜ੍ਹਾਈ ਦੇ ਦਿਨਾਂ ਦੀ ਗਿਣਤੀ 185 ਤੋਂ 175 ਤੱਕ ਘੱਟ ਕਰੇਗਾ, ਹਰ ਦਿਨ ਦੇ ਸਮੇਂ ‘ਚ ਵਾਧਾ ਕਰੇਗਾ ਅਤੇ ਅਰਲੀ ਡਿਸਮਿਸਲ ਕੈਂਸਲ ਕਰੇਗਾ, ਨੂੰ ਲਾਗੂ ਕਰਨ ਦੁਆਰਾ ਅਧਿਆਪਕਾਂ ਦੀਆਂ ਅਸਾਮੀਆਂ ਨੂੰ ਸੰਚਿਤ ਕਰਨ ‘ਚ ਘੱਟੋ ਘੱਟ 1.4 ਮਿਲੀਅਨ ਡਾਲਰ ਦੀ ਬੱਚਤ ਕਰੇਗਾ।

ਐਪਰ, ਘਾਟੇ ਦੇ ਆਕਾਰ ਅਤੇ ਇਸ ਤੱਥ ਦੇ ਮੌਜੂਦ ਹੁੰਦਿਆਂ ਕਿ ਆਪਰੇਟਿੰਗ ਬੱਜਟ ਦਾ 92 ਪ੍ਰਤਿਸ਼ਤ ਦੇ ਨੇੜੇ ਤੇੜੇ ਹਿੱਸਾ ਤਨਖਾਹਾਂ ਅਤੇ ਬੈਨੇਫਿਟਾਂ ‘ਚ ਲੱਗਦਾ ਹੈ, ਨੌਕਰੀਆਂ ਤੋਂ ਹਟਾਉਣ ਨੂੰ ਟਾਲਿਆ ਨਹੀਂ ਜਾ ਸਕੇਗਾ।

ਵੈਨਕੂਵਰ ਸਕੂਲ ਬੋਰਡ ਦਾ ਸਕੂਲਾਂ, ਬਾਲਗ ਸਿੱਖਿਆ ਕੇਂਦਰਾਂ ਅਤੇ ਜ਼ਿਲ੍ਹਾਂ ਸੇਵਾਵਾਂ ‘ਚੋਂ ਆਪਣੇ ਅਧਿਆਪਕੀ ਸਟਾਫ ਨੂੰ 113.8 ਫੁੱਲ-ਟਾਈਮ ਅਧਿਆਪਕਾਂ ਦੇ ਬਰਾਬਰ ਘਟਾਉਂਣ ਦਾ ਪ੍ਰਸਤਾਵ ਹੈ। ਕੁੱਲ ਗਿਣਤੀ ‘ਚ 43 ਨਾਨ-ਐਨਰੋਲਿੰਗ ਅਧਿਆਪਕ ਜੋ ਰਿਜ਼ੋਰਸ ਟੀਚਰਾਂ ਵਜੋਂ (ਈ ਐਸ ਐਲ ਅਤੇ ਸਪੈਸ਼ਲ ਐਜੂਕੇਸ਼ਨ) ਕੰਮ ਕਰ ਰਹੇ ਹਨ, ਲਰਨਿੰਗ ਅਸਿਸਟੈਂਟਸ/ਸਕਿੱਲਜ਼ ਡਿਵੈਲਪਮੈਂਟ ਟੀਚਰ, ਸੈਕੰਡਰੀ ਸਕੂਲ ਕਾਊਂਸਲਰ ਅਤੇ ਟੀਚਰ ਲਾਇਬਰੇਰੀਅਨ ਸ਼ਾਮਲ ਹਨ। ਇਨ੍ਹਾਂ ਕਟੌਤੀਆਂ ਦੇ ਹਿੱਸੇ ਵਜੋਂ ਇਟੀਨੇਰੈਂਟ ਬੈਂਡ ਅਤੇ ਸਟਰਿੰਗ ਪ੍ਰੋਗਰਾਮ ਜਿਹੜੇ 51 ਐਲੀਮੈਂਟਰੀ ਸਕੂਲਾਂ ‘ਚ ਵਿਦਿਆਰਥੀਆਂ ਨੂੰ ਉਪਲਬਧ ਹਨ, ਕੈਂਸਲ ਕੀਤੇ ਜਾਣਗੇ। ਪ੍ਰਸਤਾਵ ‘ਚ 11.4 ਫੁੱਲ-ਟਾਈਮ ਆਸਾਮੀਆਂ ਦੇ ਬਰਾਬਰ ਡਿਸਟ੍ਰਿਕਟ ਕੰਸਲਟੈਂਟ ਅਤੇ ਮੈਂਟਰ, ਜੋ ਸਕੂਲਾਂ ਦੀ ਉਨ੍ਹਾਂ ਦੇ ਕਈ ਸਾਰੇ ਵਿਸ਼ੇਸ਼ੀਕ੍ਰਿਤ ਖੇਤਰਾਂ ‘ਚ ਪ੍ਰੋਫੈਸ਼ਨਲ ਤਰੱਕੀ, ਸਿੱਖਿਆ ਅਤੇ ਵਿਕਾਸ ‘ਚ ਸਹਾਇਤਾ ਕਰ ਰਹੇ ਹਨ, ਦੀ ਕਟੌਤੀ ਵੀ ਸ਼ਾਮਲ ਹੈ।

30.5 ਫੁੱਲ-ਟਾਈਮ ਆਸਾਮੀਆਂ ਦੇ ਬਰਾਬਰ ਪੜ੍ਹਾਈ ‘ਚ ਸਹਾਇਕ ਸਟਾਫ ਦੀ ਇਕ ਕਟੌਤੀ, ਜਿੰਨ੍ਹਾਂ ‘ਚ ਅੱਠ ਸਪੈਸ਼ਲ ਐਜੂਕੇਸ਼ਨ ਅਸਿਸਟੈਂਟ ਜਿਹੜੇ ਸਟਾਫ ਵਿਦਿਆਰਥੀ ਅਨੁਪਾਤ ਦੇ ਲੇਖੇ ਤੋਂ ਇਲਾਵਾ ਹਨ ਅਤੇ ਚਾਰ ਮਲਟੀਕਲਚਰਲ ਲਿਆਇਜ਼ਨ ਵਰਕਰ ਸ਼ਾਮਲ ਹਨ। ਇਹ ਕਟੌਤੀਆਂ ਸਪੈਸ਼ਲ ਐਜੂਕੇਸ਼ਨ ਅਤੇ ਬਦਲਵੇਂ ਪ੍ਰੋਗਰਾਮਾਂ ਨੂੰ ਸੰਚਿਤ ਕਰ ਦੇਣ ਦੇ ਪ੍ਰਭਾਵ ਵਜੋਂ ਹੋਣੀਆਂ ਹਨ।

ਜ਼ਿਲ੍ਹਾ 1.3 ਮਿਲੀਅਨ ਡਾਲਰ ਦੀ ਬੱਚਤ ਕਰਨ ਦਾ ਨਿਸ਼ਾਨਾਂ ਰੱਖਦਾ ਹੈ ਜਿਸਦਾ ਕੁਝ ਹਿੱਸਾ ਵਾਈਸ ਪ੍ਰਿੰਸੀਪਲਾਂ ਦਾ ਪ੍ਰਸ਼ਾਸਕੀ ਸਮਾਂ ਘੱਟ ਕਰਨ ਅਤੇ ਉਨ੍ਹਾਂ ਦਾ ਅਧਿਆਪਨ ਸਮਾਂ ਵਧਾਉਂਣ ਦੁਆਰਾ ਪੂਰਾ ਕੀਤਾ ਜਾਵੇਗਾ। ਇਸ ਦੇ ਨਾਲ 10 ਐਲੀਮੈਂਟਰੀ ਸਕੂਲਾਂ, ਜਿਥੇ ਵਿਦਿਆਰਥੀਆਂ ਦੀ ਗਿਣਤੀ 200 ਤੋਂ ਘੱਟ ਹੈ, ਨੂੰ ਸਟਾਫਿੰਗ ਕਾਰਜਾਂ ਲਈ ਅਨੈਕਸੀਆਂ ਵਜੋਂ ਥਾਪ ਕੇ ਪ੍ਰਸਾਸ਼ਕੀ ਅਲਾਟਮੈਂਟ 'ਚ ਕਟੌਤੀ ਵੀ ਕੀਤੀ ਜਾਵੇਗੀ। ਅਤੇ ਉਨ੍ਹਾਂ ਸਕੂਲਾਂ 'ਚ ਜਿੱਥੇ ਵਿਦਿਆਰਥੀਆਂ ਦੀ ਗਿਣਤੀ 350 ਤੋਂ 449 ਦੇ ਦਰਮਿਆਨ ਹੈ, ਵਾਈਸ ਪ੍ਰਿੰਸੀਪਲਾਂ ਦੀ ਅਲਾਟਮੈਂਟ ਅਸਤੀਫਿਆਂ/ਰਿਟਾਇਰਮੈਂਟਾਂ ਨਾਲ ਘਟਾ ਦਿੱਤੀ ਜਾਵੇਗੀ ਅਤੇ ਉਨ੍ਹਾਂ ਦੀ ਥਾਂ ਹੈੱਡ ਟੀਚਰਾਂ ਨੂੰ ਬਦਲ ਦਿੱਤਾ ਜਾਵੇਗਾ।

ਕੰਟੀਨਿਊਇੰਗ, ਅਡਲਟ ਅਤੇ ਸਮਰ ਐਜੂਕੇਸ਼ਨ ਦੇ ਖਰਚਿਆਂ 'ਚ 1.7 ਮਿਲੀਅਨ ਡਾਲਰ ਦੀ ਕਟੌਤੀ ਹੋਵੇਗੀ ਜਿਸ ਦੇ ਨਤੀਜੇ ਵਜੋਂ ਅਡਲਟ ਐਜੂਕੇਸ਼ਨ ਦੀਆਂ ਕਲਾਸਾਂ ਦੇ ਆਕਾਰ 'ਚ ਵਾਧਾ ਹੋਵੇਗਾ; ਸਮਰ ਸਕੂਲਾਂ ਦੇ ਸਥਾਨਾਂ ਦੀ ਗਿਣਤੀ 'ਚ ਕਮੀ ਹੋਵੇਗੀ ਅਤੇ ਨਾਈਟ ਸਕੂਲ ਨੂੰ ਪੂਰੀ ਤਰ੍ਹਾਂ ਸਿੱਧਾ ਖਰਚ ਪੂਰਾ ਕਰਨ ਦੇ ਨਮੂਨੇ 'ਤੇ ਚਲਾਇਆ ਜਾਵੇਗਾ।

ਜ਼ਿਲ੍ਹਾ ਪ੍ਰਸ਼ਾਸਨ ਦੇ ਖਰਚਿਆ 'ਚ 1.6 ਮਿਲੀਅਨ ਡਾਲਰ ਜਾਂ 6.2% ਦੀ ਕਟੌਤੀ ਹੋਵੇਗੀ ਜਿਸ 'ਚ ਸਕੱਤਰ-ਖਜ਼ਾਨਚੀ ਅਤੇ ਸੁਪਰਿੰਟੈਂਡੈਂਟ ਦੇ ਦਫਤਰਾਂ ਲਈ ਜ਼ਿਲ੍ਹਾ ਸਹਾਇਤਾ ਦੇ ਖੇਤਰਾਂ ਜਿਵੇਂ ਫਾਇਨੈਂਸ, ਹਿਊਮਨ ਰਿਜ਼ੋਰਸ ਅਤੇ ਪ੍ਰਸ਼ਾਸਕੀ ਸੇਵਾਵਾਂ 'ਚ 10.3 ਆਸਾਮੀਆਂ ਦੀ ਕਟੌਤੀ ਸ਼ਾਮਲ ਹੋਵੇਗੀ।

ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਟਰਾਂਸਪੋਰਟ ਵਾਸਤੇ ਬੱਜਟ 'ਚ 0.5 ਮਿਲੀਅਨ ਡਾਲਰ ਦੇ ਨੇੜੇ ਕਮੀ ਕਰਦਿਆਂ ਇਸ ਦੇ ਖਰਚੇ ਨੂੰ ਘਟਾ ਕੇ ਮੋਟੇ ਤੌਰ 'ਤੇ ਸੂਬੇ ਵੱਲੋਂ ਟਰਾਂਸਪੋਰਟ ਲਈ ਮਿਲਦੀ ਰਕਮ ਦੇ ਬਰਾਬਰ ਕੀਤਾ ਜਾਵੇਗਾ।

ਪ੍ਰਸਤਾਵਾਂ 'ਚ ਫੈਸਿਲਿਟੀਆਂ ਦੇ ਖਰਚਿਆਂ 'ਚ 2.5 ਮਿਲੀਅਨ ਡਾਲਰ ਦੀ ਕਟੌਤੀ ਅਤੇ 18.7 ਆਸਾਮੀਆਂ ਨੂੰ ਘਟਾਉਂਣਾ ਵੀ ਸ਼ਾਮਲ ਹੈ, ਜਿਸ ਦੀ ਪ੍ਰਾਪਤੀ, ਇਕ ਹਿੱਸੇ ਵਜੋਂ, ਇਕ ਸਾਲ ਲਈ ਅੰਦਰੂਨੀ ਰੰਗ-ਰੋਗਨ ਕਰਨ ਨੂੰ ਮੁਲਤਵੀ ਕਰਨ ਦੁਆਰਾ ਕੀਤੀ ਜਾਵੇਗੀ। ਰੈਂਟਲਾਂ ਤੋਂ ਆਉਂਣ ਵਾਲੇ ਪੈਸੇ ਨੂੰ ਰੈਂਟਲ ਅਤੇ ਪ੍ਰਸ਼ਾਸਕੀ ਫੀਸਾਂ 'ਚ ਵਾਧਾ ਕਰਨ ਦੁਆਰਾ ਵਧਾਇਆ ਜਾਵੇਗਾ।

ਬੱਜਟ ਦੇ ਅਮਲ 'ਚ ਸ਼ਾਮਲ ਹੋਣ ਲਈ ਲਿਖਤੀ ਚਿੱਠੀਆਂ ਜਾਂ ਡੈਲੀਗੇਸ਼ਨ ਅਰਜ਼ੀਆਂ: Vancouver Board of Education, Attn: Secretary-Treasurer's Office, 1580 West Broadway, Vancouver, BC. V6J 5K8 ਨੂੰ ਭੇਜੋ ਜਾਂ ਈਮੇਲ ਕਰੋ: *budget2010_11@vsb.bc.ca*

**2010/2011 ਆਪਰੇਟਿੰਗ ਬੱਜਟ ਦੇ ਪ੍ਰਸਤਾਵਿਤ ਘਾਟੇ (ਮਿਲੀਅਨ ਡਾਲਰ)**

**ਖਰਚੇ ਜਿੰਨ੍ਹਾਂ ਲਈ ਸੂਬੇ ਵੱਲੋਂ ਫੰਡ ਨਹੀਂ ਮਿਲੇ**

| | |
|---|---|
| ਤਨਖਾਹ ਅਤੇ ਕਰਮਚਾਰੀ ਬੈਨੇਫਿਟ ਵਾਧਾ | ($4.41) |
| ਟੀਚਰਜ਼ ਪੈਨਸ਼ਨ ਪਲੈਨ 'ਚ ਵਾਧਾ | ($2.80) |
| ਮੈਡੀਕਲ ਸਰਵਿਸ ਪਲੈਨ ਦਰ 'ਚ ਵਾਧਾ | ($0.21) |
| ਕਾਰਬਨ ਮੁਆਵਜ਼ਾ | ($0.29) |
| ਮੁਦਰਾ ਫੈਲਾਅ ਅਤੇ ਹੋਰ ਖਰਚੇ | ($0.87) |
| | ($8.58) |

**ਹੋਰ ਪੱਖ**

| | |
|---|---|
| 2009-10 ਚਾਲੂ ਵਾਧਾ/(ਘਾਟਾ) | ($7.29) |
| ਇਨਰੋਲਮੈਂਟ ਤਬਦੀਲੀਆਂ (ਘਟਣਾ)/ਵਧਣਾ | ($0.43) |
| ਫੁੱਲ ਡੇਅ ਕਿੰਡਰਗਾਰਟਨ | 0.57 |
| ਪੂੰਜੀ ਨਿਵੇਸ਼, ਵਿਆਜ ਦੀ ਆਮਦਨ 'ਚ ਕਮਤੀ | ($0.95) |
| ਵੰਨ-ਟਾਈਮ ਫੰਡਿੰਗ 2009/10 | 2.90 |
| | ($5.20) |

| | |
|---|---|
| ਅਨੁਮਾਨ ਨਾਲੋਂ ਘੱਟ ਸੂਬਾਈ ਫੰਡਿੰਗ | ($4.34) |
| **ਕੁੱਲ ਪ੍ਰਸਤਾਵਤ ਫੰਡਿੰਗ ਘਾਟਾ** | **$18.12** |

## 2010-2011 ਬੱਜਟ ਪ੍ਰਸਤਾਵਾਂ ਦਾ ਸਾਰ (ਮਿਲੀਅਨ ਡਾਲਰ)

| | ਕਮਤੀਆਂ | | ਪ੍ਰਤਿਸ਼ਤ | |
|---|---|---|---|---|
| ਪੁਨਰ ਪੜਚੋਲ ਖੇਤਰ | ਫੁੱਲ–ਟਾਈਮ ਅਸਾਮੀਆਂ ਦੇ ਬਰਾਬਰ | ਡਾਲਰ | ਫੁੱਲ–ਟਾਈਮ ਅਸਾਮੀਆਂ ਦੇ ਬਰਾਬਰ | ਡਾਲਰ |
| ਪੜਾਉਂਣ ਵਾਲਾ ਸਟਾਫ – ਅਧਿਆਪਕ | 97.3 | 6.79 | 3.2% | 2.5% |
| ਪੜਾਉਂਣ ਵਾਲਾ ਸਟਾਫ – ਸਹਾਇਕ ਅਧਿਆਪਕ | 30.5 | 1.47 | 2.8% | 3.3% |
| ਪੜਾਉਂਣ ਵਾਲਾ ਸਟਾਫ – ਟੀਚਰ ਆਨ ਕਾਲ/ਐਂਮਪਲਾਈ ਆਨ ਕਾਲ | - | 1.40 | - | 10.6% |
| ਪੜਾਉਂਣ ਨਾਲ ਸਬੰਧਿਤ ਸਮੱਗਰੀ | - | 0.75 | - | 6.5% |
| ਸਕੂਲ ਪ੍ਰਸਾਸ਼ਨ | 15.5 | 1.33 | 4.6% | 4.6% |
| ਕੰਟੀਨਿਊਇੰਗ, ਅਡਲਟ ਅਤੇ ਸਮਰ ਐਜੂਕੇਸ਼ਨ | 18.3 | 1.73 | 5.4% | 4.7% |
| ਜ਼ਿਲ੍ਹਾ ਪ੍ਰਸਾਸ਼ਨ | 10.3 | 1.60 | 4.1% | 6.2% |
| ਟਰਾਂਸਪੋਰਟੇਸ਼ਨ | - | 0.47 | - | 15% |
| ਫੈਸਿਲਿਟੀਆਂ | 18.7 | 2.45 | 3.1% | 4.7% |
| ਹੋਰ | - | 0.18 | - | - |
| **ਕੁੱਲ** | **190.6** | **18.17 ਡਾਲਰ** | **3.4%** | **3.6%** |

## 2010-2011 ਪ੍ਰਸਤਾਵਿਤ ਸਟਾਫ ਐਡਜਸਟਮੈਂਟਾਂ (ਫੁੱਲ–ਟਾਈਮ ਅਸਾਮੀਆਂ ਦੇ ਬਰਾਬਰ )

| ਕਰਮਚਾਰੀ ਗਰੁੱਪ | ਮੂਲ ਬੱਜਟ | ਪ੍ਰਸਤਾਵਿਤ ਤਬਦੀਲੀ | % ਤਬਦੀਲੀ |
|---|---|---|---|
| CUPE 15 | 1,231.1 | (41.9) | (3.4)% |
| CUPE 407 | 101.0 | 0 | 0% |
| IUOE | 721.9 | (1.7) | (0.2)% |
| ਨਾਈਟ ਸਕੂਲ ਪ੍ਰਸਾਸ਼ਕ | 2.1 | (1.2) | (57.5)% |
| PASA/ਸ਼ਾਮਲ ਨਹੀਂ | 119.2 | (10.5) | (8.8)% |
| ਵਾਈਸ–ਪ੍ਰਿੰਸੀਪਲ – ਪ੍ਰਸ਼ਾਸਨ ਟਾਈਮ | 151.5 | (14) | (9.2)% |
| ਵਾਈਸ–ਪ੍ਰਿੰਸੀਪਲ – ਪੜਾਉਂਣ ਦਾ ਸਮਾਂ | 40.9 | 6.5 | 15.9% |
| ਅਧਿਆਪਕ/ALC | 3,204.9 | (113.8) | (3.6)% |
| ਟਰੇਡਜ਼ | 61.0 | (14) | (23)% |
| | 5,633.5 | (190.6) | (3.4)% |

**ਵੈਨਕੂਵਰ ਸਕੂਲ ਬੋਰਡ ਸਟੇਕਹੋਲਡਰ ਅਤੇ ਪਬਲਿਕ ਸਲਾਹ ਮਸ਼ਵਰੇ**

| | |
|---|---|
| ਅਪ੍ਰੈਲ 7, ਸ਼ਾਮ 7 ਵਜੇ<br>ਐਜੂਕੇਸ਼ਨ ਸੈਂਟਰ,<br>ਬੋਰਡਰੂਮ | ਪਲੈਨਰੀ/ਐਜੂਕੇਸ਼ਨ ਐਂਡ ਸਟੂਡੈਂਟ ਸਰਵਿਸਿਜ਼ ਅਤੇ ਫਾਇਨੈਂਸ ਐਂਡ ਲੀਗਲ ਕਮੇਟੀ (III/V)<br>• 2010/2011 ਦੇ ਆਰੰਭਿਕ ਬੱਜਟ ਪ੍ਰਸਤਾਵਾਂ ਦੀ ਪਬਲਿਕ ਪੇਸ਼ਕਾਰੀ |
| ਅਪ੍ਰੈਲ 15, ਸ਼ਾਮ 5:30 ਵਜੇ<br>ਐਜੂਕੇਸ਼ਨ ਸੈਂਟਰ,<br>ਬੋਰਡਰੂਮ<br>(ਵਾਧਾ ਮਾਰਚ 29) | ਪਲੈਨਰੀ/ਐਜੂਕੇਸ਼ਨ ਐਂਡ ਸਟੂਡੈਂਟ ਸਰਵਿਸਿਜ਼ ਅਤੇ ਫਾਇਨੈਂਸ ਐਂਡ ਲੀਗਲ ਕਮੇਟੀ (III/V)<br>• ਆਰੰਭਿਕ ਬੱਜਟ ਪ੍ਰਸਤਾਵਾਂ ਬਾਰੇ ਪਬਲਿਕ ਸਲਾਹ ਮਸ਼ਵਰਾ, ਲੋਕਲ ਸਕੂਲ ਕੈਲੰਡਰ |
| ਅਪ੍ਰੈਲ 20, ਸ਼ਾਮ 7 ਵਜੇ<br>ਮਾਊਂਟ ਪਲੈਜ਼ੈਂਟ<br>ਐਲੀਮੈਂਟਰੀ | ਕਮੇਟੀ-ਆਫ-ਦਿ-ਹੋਲ<br>• ਆਰੰਭਿਕ ਬੱਜਟ ਪ੍ਰਸਤਾਵਾਂ ਬਾਰੇ ਪਬਲਿਕ ਸਲਾਹ ਮਸ਼ਵਰਾ, ਲੋਕਲ ਸਕੂਲ ਕੈਲੰਡਰ |
| ਅਪ੍ਰੈਲ 21, ਸ਼ਾਮ 4 ਵਜੇ<br>ਐਜੂਕੇਸ਼ਨ ਸੈਂਟਰ,<br>ਰੂਮ 400 | ਪਲੈਨਰੀ/ਐਜੂਕੇਸ਼ਨ ਐਂਡ ਸਟੂਡੈਂਟ ਸਰਵਿਸਿਜ਼ ਅਤੇ ਫਾਇਨੈਂਸ ਐਂਡ ਲੀਗਲ ਕਮੇਟੀ (III/V)<br>• ਆਰੰਭਿਕ ਬੱਜਟ ਪ੍ਰਸਤਾਵਾਂ ਬਾਰੇ ਵੈਨਕੂਵਰ ਸਕੂਲ ਬੋਰਡ ਸਟੇਕਹੋਲਡਰਾਂ ਨਾਲ ਸਲਾਹ ਮਸ਼ਵਰਾ |
| ਅਪ੍ਰੈਲ 21, ਸ਼ਾਮ 7 ਵਜੇ<br>ਐਜੂਕੇਸ਼ਨ ਸੈਂਟਰ,<br>ਬੋਰਡਰੂਮ<br>(ਵਾਧਾ ਮਾਰਚ 29) | ਕਮੇਟੀ-ਆਫ-ਦਿ-ਹੋਲ (ਜੇਕਰ ਜ਼ਰੂਰਤ ਹੋਵੇ)<br>• ਆਰੰਭਿਕ ਬੱਜਟ ਪ੍ਰਸਤਾਵਾਂ ਬਾਰੇ ਪਬਲਿਕ ਸਲਾਹ ਮਸ਼ਵਰਾ, ਲੋਕਲ ਸਕੂਲ ਕੈਲੰਡਰ |
| ਅਪ੍ਰੈਲ 26, ਸ਼ਾਮ 7 ਵਜੇ<br>ਐਜੂਕੇਸ਼ਨ ਸੈਂਟਰ,<br>ਬੋਰਡਰੂਮ | ਸਪੈਸ਼ਲ ਬੋਰਡ ਮੀਟਿੰਗ<br>• 2010/2011 ਪ੍ਰਸਤਾਵਿਤ ਲੋਕਲ ਸਕੂਲ ਕੈਲੰਡਰ ਅਪਣਾਉਣ 'ਤੇ ਵਿਚਾਰ |
| ਅਪ੍ਰੈਲ 27, ਸ਼ਾਮ 5:30 ਵਜੇ<br>ਐਜੂਕੇਸ਼ਨ ਸੈਂਟਰ,<br>ਬੋਰਡਰੂਮ | ਪਲੈਨਰੀ/ਐਜੂਕੇਸ਼ਨ ਐਂਡ ਸਟੂਡੈਂਟ ਸਰਵਿਸਿਜ਼ ਅਤੇ ਫਾਇਨੈਂਸ ਐਂਡ ਲੀਗਲ ਕਮੇਟੀ (III/V)<br>• 2010/2011 ਸੋਧੇ ਹੋਏ ਆਰੰਭਿਕ ਬੱਜਟ ਪ੍ਰਸਤਾਵਾਂ ਦੀ ਪਬਲਿਕ ਪੇਸ਼ਕਾਰੀ |
| ਅਪ੍ਰੈਲ 29, ਸ਼ਾਮ 7 ਵਜੇ<br>ਐਜੂਕੇਸ਼ਨ ਸੈਂਟਰ,<br>ਬੋਰਡਰੂਮ | ਸਪੈਸ਼ਲ ਬੋਰਡ ਮੀਟਿੰਗ<br>• 2010/11 ਆਰੰਭਿਕ ਆਪਰੇਟਿੰਗ ਬੱਜਟ ਬਾਰੇ ਅੰਤਿਮ ਗੱਲਬਾਤ ਅਤੇ ਮਨਜ਼ੂਰੀ |

ਬੱਜਟ ਅਮਲ ਬਾਰੇ ਜਾਣਕਾਰੀ ਲਈ www.vsb.bc.ca/budget-process-201011-school-year 'ਤੇ ਜਾਓ